# ਤਾਂਹੀ ਸ਼ੁਕਰ ਕੀਤੋਨੇ

--ਹਰਪਾਲ ਸਿੰਘ 'ਸੇਵਕ'

ਗੁਰੂ ਅਤੇ ਸਿੱਖ ਦਾ ਨਾਤਾ ਦੁਨੀਆਂ ਦੇ ਸਭ ਰਿਸ਼ਤਿਆਂ ਤੋਂ ਉੱਚਾ-ਸੁੱਚਾ, ਪਵਿੱਤ੍ਰ ਅਤੇ ਸਦੀਵੀ ਹੈ। ਸਤਿਗੁਰੂ ਦਿਆਲੂ ਵੀ ਏਨਾ ਹੈ ਕਿ ਭਾਈ ਗੁਰਦਾਸ ਜੀ ਲਿਖਦੇ ਹਨ –

ਸਤਿਗੁਰ ਤੁਲ ਨ ਮੇਹਰਵਾਨ ਮਾਤਾ ਨਾ ਦੇਵ ਸਵਾਏ ॥

ਸਤਿਗੁਰ ਦੇ ਤੁਲ ਨਾ ਮਾਤਾ-ਪਿਤਾ, ਭੈਣ-ਭਰਾ ਅਤੇ ਨਾ ਕੋਈ ਦੇਵੀ-ਦੇਵਤਾ। ਇਹ ਗੁਰੁ ਅਤੇ ਸਿੱਖ ਦਾ ਰਿਸ਼ਤਾ ਹੀ ਹੈ ਕਿ ਜੇ ਗੁਰੂ ਸੀਸ ਮੰਗਦਾ ਹੈ ਤਾਂ ਸਿੱਖ ਸੀਸ ਭੇਟ ਕਰਕੇ ਗੁਰੂ ਦੇ ਪਿਆਰੇ ਅਖਵਾਉਂਦੇ ਹਨ। ਉਹੀ ਗੁਰੂ ਆਪਣੇ ਚਾਰੇ ਪੁੱਤਰ ਕੁਰਬਾਨ ਕਰਕੇ, ਬੜੇ ਸਹਿਜ ਭਾਅ ਨਾਲ ਆਖਦਾ ਹੈ-

-ਇਨ ਪੁਤ੍ਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ ॥
ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜਾਰ ॥

ਸਾਹਿਬ ਕਲਗੀਧਰ ਪਾਤਸ਼ਾਹ ਚਮਕੌਰ ਦੀ ਜੰਗ ਤੋਂ ਬਾਅਦ ਮਾਛੀਵਾੜੇ ਤੋਂ ਹੁੰਦੇ ਹੋਏ, ਭੇਸ ਬਦਲ ਕੇ ਉੱਚ ਦੇ ਪੀਰ ਬਣਕੇ, ਬਿਖੜੇ ਪੈਂਡੇ ਝਾਗਦੇ ਰਿਆਸਤ ਫਰੀਦਕੋਟ ਤਹਿਸੀਲ ਕੋਟਕਪੂਰਾ ਦੇ ਨੇਹੀਆਂ ਨਗਰ ਦੇ ਨਜ਼ਦੀਕ ਲੱਖੀ ਜੰਗਲ ਪੁੱਜੇ। ਭਾਈ ਨੰਦ ਲਾਲ ਜੀ, ਕਮਲੀਆ ਜੀ ਅਤੇ ਹੋਰ ਗੁਰੂ ਪਿਆਰੇ ਸ੍ਰੀ ਹਜੂਰ ਦੇ ਸਨਮੁੱਖ ਹੋਏ –ਮਾਹੀ ਨੇ ਆ ਕੇ ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀ ਦਾ ਸਮਾਚਾਰ ਸੁਣਾਇਆ ਤਾਂ ਸਦਾ ਅਨੰਦ ਸਰੂਪ ਸਤਿਗੁਰੂ –ਦਸਮ ਪਾਤਸ਼ਾਹ ਨੇ ਸਦ ਉਚਾਰਿਆ-

ਲੱਖੀ ਜੰਗਲ ਖਾਲਸਾ ਦੀਦਾਰ ਆਏ ਲਗਾ ਤਬ ਉਚਾਰ ਹੋਇਆ ॥
ਲੱਖੀ ਜੰਗਲ ਖਾਲਸਾ ਆਇ ਦੀਦਾਰ ਕੀਤੋਨੇ ॥
ਸੁਣ ਕੈ ਸੱਦੁ ਮਾਹੀ ਦਾ ਮੇਰੀ ਪਾਣੀ ਘਾਹੁ ਮੁਤੋ ਨੇ ॥
ਕਿਸੇ ਨਾਲ ਨ ਰਲੀਆ ਕਾਈ ਕੋਈ ਸ਼ੌਕ ਪਯੋ ਨੇ ॥
ਗਇਆ ਫਿਰਾਕੁ ਮਿਲਿਆ ਮਿਤੁ ਮਾਹੀ ਤਾਹੀਂ ਸ਼ੁਕਰ ਕੀਤੋ ਨੇ ॥

ਸਿੱਖ ਸ਼ੁਕਰ ਕਰਦੇ ਹਨ, ਸਤਿਗੁਰੂ ਦਾ ਦਰਸ਼ਨ ਹੋ ਜਾਵੇ ਪਰ ਜੇ ਸਤਿਗੁਰ ਕਿਰਪਾ ਕਟਾਕਸ਼ ਕਰੇ, ਮੇਹਰ ਨਜ਼ਰ ਕਰੇ ਤਾਂ-

ਕੋਟਿ ਅਨੰਦ ਰਾਜ ਸੁੱਖ ਪਾਏ,
ਇਕ ਨਿਮਖ ਪੇਖ ਦ੍ਰਿਸਟਾਨਾ ॥

ਜੇ ਕਿਤੇ ਸਤਿਗੁਰੂ ਸ੍ਰੀ ਮੁਖ ਤੋਂ ਬੁਲਾ ਲਵੇ ਤਾਂ ਉਸ ਸੁੱਖ ਦਾ ਕੋਈ ਅੰਤ ਹੀ ਨਹੀਂ-

ਜਉ ਕਹਹੁ ਮੁਖਹੁ ਸੇਵਕ ਇਹ ਬੈਸੀਐ,
ਸੁਖ ਨਾਨਕ ਅੰਤ ਨ ਜਾਨਾ ॥

ਦਰਸ਼ਨ ਦੀ ਕੀਮਤ ਜਾਣਦਾ ਹੈ ਗੁਰੂ ਪਿਆਰਾ ਦਰਸ਼ਨ ਪ੍ਰੇਮੀ ਹੀ ; ਲੰਮੇ ਵਿਛੋੜੇ ਤੋਂ ਬਾਅਦ ਜਦ ਗੋਪੀਆਂ ਨੂੰ ਭਗਵਾਨ ਕ੍ਰਿਸ਼ਨ ਦਾ ਦਰਸ਼ਨ ਹੋਇਆ ਤਾਂ ਖੁਸ਼ੀ ਵਿੱਚ ਝੂਮਦੀਆਂ ਆਖਦੀਆਂ ਹਨ-

ਦਰਸ਼ਨ ਦੇਖ ਸਭੈ ਦੁਖ ਵੀਸਰੇ
ਬੇਦ ਕਹਤ ਜਿਹ ਨੇਤ ॥

ਉਸ ਸਮੇਂ ਭਗਵਾਨ ਪ੍ਰੇਮ ਦਾ ਸਾਰ ਸਮਝਾਉਂਦੇ ਹਨ-

ਕ੍ਰਿਸਨ ਉਵਾਚ ਕੀਓ ਤਬ ਹੀ ਛਿਨ
ਕਹਿਓ ਗਯਾਨ ਸਿੱਖ ਲੇਹੁ ॥
ਮਿਲ ਬਿਛਰਨ ਦੋਊ ਐ ਜਗ ਮੈ,
ਮਿਥਿਆ ਤਨ ਅਸਨੇਹੁ ॥

ਖ਼ੁਸ਼ੀਆਂ ਤੇ ਗਮੀਆਂ, ਮਿਲਨਾ ਤੇ ਵਿਛੜਨਾ ਹਨ, ਭਗਵਾਨ ਦੀ ਖੇਡ ਹੈ। ਗੁਰੂ ਰਾਮਦਾਸ ਸੱਚੇ ਪਾਤਸ਼ਾਹ ਜੀ ਦੇ ਹੁਕਮ ਦੀ ਕਾਰ ਵਿੱਚ ਗੁਰੂ ਅਰਜਨ ਦੇਵ ਬ੍ਰਿਹਾ ਵਿੱਚ ਤੜਫ ਦੇ ਲਿਖਦੇ ਹਨ-

ਇਕ ਘੜੀ ਨਾ ਮਿਲਤੇ ਤਾ ਕਲਿਜੁਗ ਹੋਤਾ
ਹੁਣਿ ਕਦਿ ਮਿਲੀਐ ਪ੍ਰਿਯ ਤੋਧ ਭਗਵੰਤਾ ॥

ਇਕ ਕਵੀ ਗੁਰੂ ਅਰਜਨ ਦੇਵ ਜੀ ਦੀ ਦਸ਼ਾ ਅਤੇ ਗੁਰੂ ਰਾਮਦਾਸ ਜੀ ਦੀ ਬਖਸ਼ਿਸ਼ ਦਾ ਵਰਨਣ ਕਰਦਾ ਲਿਖਦਾ ਹੈ-

ਸ੍ਰੀ ਅਰਜਨ ਲਾਹੌਰ ਤੇ ਚਾਤਿਕ ਕੀ ਤਸਵੀਰ ॥
ਪ੍ਰਗਟ ਕਰਨ ਅਪੁਨੀ ਦਸ਼ਾ ਭੇਜੀ ਸਤਿਗੁਰ ਤੀਰ ॥
ਰਾਮਦਾਸ ਸਤਿਗੁਰ ਨੇ ਮੇਘ ਭਾਨ ਲਿਖ ਦੀਨ ॥
ਸ੍ਰੀ ਅਰਜਨ ਆਨੰਦ ਭਏ ਵਾਂਛਿਤ ਉੱਤਰ ਚੀਨ ॥

ਗੁਰੂ ਅਰਜਨ ਦੇਵ ਜੀ ਨੇ ਦਰਸ਼ਨ ਦੀਦਾਰ ਕਰਕੇ ਸ਼ੁਕਰ ਕੀਤਾ ਅਤੇ ਲਿਖਿਆ-

ਭਾਗ ਹੋਆ ਗੁਰ ਸੰਤ ਮਿਲਾਇਆ ॥
ਪ੍ਰਭ ਅਬਿਨਾਸੀ ਘਰ ਮਹਿ ਪਾਇਆ ॥

ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ, ਕਰਣ ਕਾਰਣ ਸਮਰੱਥ ਹੁੰਦਿਆਂ ਹੋਇਆਂ ਕਾਰਣ ਵੱਸ ਹੋ ਕੇ ਜਲਾਵਤਨ ਹੋ ਬਰਮਾਂ ਗੋਰਿਆਂ ਦੀ ਕੈਦ ਵਿੱਚ ਰਹੇ। ਸਿੱਖਾਂ ਦੀ ਹਾਲਤ ਪਾਣੀ ਤੋਂ ਵਿਛੜੀ ਮੱਛੀ ਵਰਗੀ ਹੋ ਗਈ। ਇਹ ਗੁਰਵਾਕ ਗੁਰਸਿੱਖਾਂ ਨੇ ਹੀ ਪੂਰੇ ਕੀਤੇ-

ਸਮੁੰਦ ਸਾਗਰ ਹੋਵੈ ਬਹੁ ਖਾਰਾ
ਗੁਰ ਸਿੱਖ ਲੰਘ ਗੁਰੂ ਪਹਿ ਜਾਈ ॥

ਅਨੇਕਾਂ ਸਿੱਖਾਂ ਨੇ ਆਪਣੀਆਂ ਜਮੀਨਾਂ ਜਾਇਦਾਦਾਂ ਵੇਚ ਕੇ, ਭੇਸ ਬਦਲ ਕੇ, ਅੰਗ੍ਰੇਜ ਸਰਕਾਰ ਤੋਂ ਚੋਰੀ, ਅਨੇਕਾਂ ਮੁਸੀਬਤਾਂ ਸਹਾਦਿਆਂ ਸਮੁੰਦਰੋਂ ਪਾਰ ਰੰਗੂਨ ਜਾਣਾ। ਜਿਸ ਸਤਿਗੁਰੂ ਦੀ ਚਰਨ ਸਰਨ ਦਾ ਸਿੱਖ ਅਨੰਦ ਮਾਣਦੇ ਰਹੇ ਸਨ ਪਰ ਜਲਾਵਤਨੀ ਸਮੇਂ ਜਦੋਂ ਸਿੱਖਾਂ ਨੂੰ ਬੰਗਲੇ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਦੂਰੋਂ ਵੀ ਦਰਸ਼ਨ ਹੋ ਜਾਂਦੇ, ਸਤਿਗੁਰੂ ਜੀ ਪੱਲਾ ਹਿਲਾ ਕੇ ਇਸ਼ਾਰੇ ਨਾਲ ਸਿੱਖਾਂ ਦੀ ਨਮਸਕਾਰ ਪਰਵਾਨ ਕਰਦੇ ਤਾਂ ਸਿੱਖ ਸ਼ੁਕਰ ਕਰਦੇ।

ਨਾਮਧਾਰੀ ਬ੍ਰਹਿਮੰਡ ਦੇ ਸਿਰਤਾਜ ਸਤਿਗੁਰੂ ਜਗਜੀਤ ਸਿੰਘ ਜੀ, ਜਿਨਾਂ ਦੇ ਇੱਕ ਬਚਨ ਨਾਲ ਅਸਾਧ ਰੋਗ ਕੱਟੇ ਜਾਂਦੇ ਹਨ, ਜਿਨਾਂ ਦੀ ਮੇਹਰ-ਨਦਰਿ ਨਾਲ ਆਧਿ, ਬਿਆਧਿ, ਉਪਾਧ ਦੂਰ ਹੋ ਜਾਂਦੀਆਂ ਹਨ, ਉਹ ਸਤਿਗੁਰੂ ਨਰ-ਲੀਲਾ ਕਰਦਿਆਂ ਆਮ ਮਨੁੱਖਾਂ ਵਾਂਗ ਦੁੱਖ-ਸੁੱਖ ਭੁਗਤਦੇ ਹਨ, ਪਰ ਅਡੋਲ ਰਹਿੰਦੇ ਹਨ। ਪਿਛਲੇ ਕੁਝ ਸਮੇਂ ਤੋਂ ਸਤਿਗੁਰੂ ਸੱਚੇ-ਪਾਤਸ਼ਾਹ ਜੀ ਨੇ ਨਿਰ-ਸ਼ਬਦ ਸਮਾਧੀ ਧਾਰਨ ਕੀਤੀ ਹੋਈ ਹੈ। ਗ੍ਰੀਬ ਨਿਵਾਜ ਜੀ ਨੇ ਸਿੱਖਾਂ ਨੂੰ ਜਿਵੇਂ ਲਾਡ-ਲਡਾਏ ਹਨ, ਆਪਣੇ ਬੱਚਿਆਂ ਤੋਂ ਵੱਧ ਪਿਆਰ ਬਖਸ਼ਿਆ ਹੈ, ਸਿੱਖ ਕਿਵੇਂ ਭੁਲ ਸਕਦੇ ਹਨ-

ਨਿਗਾਹਾਂ ਦਾ ਜਦ ਮਿਲਾਉਣਾ,
ਰੱਬੀ ਸਰੂਰ ਆਉਣਾ ।
ਦੋ ਬੋਲ ਸਾਂਝੇ ਕਰਨੇ,
ਦਿਲ ਬਾਗ ਬਾਗ ਹੋਣਾ ॥

ਸਿੱਖਾਂ ਨੂੰ ਸਹਿਣ ਕਰਨਾਂ ਔਖਾ ਲਗਦਾ ਹੈ ਕਿ-

ਆਲਮ ਉਹ ਰਹਿਮਤਾਂ ਦਾ ਕਿਉਂ ਖ਼੍ਵਾਬ ਹੋ ਗਿਆ ਏ !

ਲੱਖਾਂ ਸਿੱਖਾਂ ਦੀ ਵੇਦਨਾ ਕਿਸੇ ਕਵੀ ਦੇ ਸ਼ਬਦਾਂ ਰਾਹੀ ਰੂਪਵਾਨ ਹੋ ਜਾਂਦੀ ਹੈ-

‘ ਕਦੇ ਨਜ਼ਰ ਹੀ ਮਿਲਾਵੇ, ਜਰਾ ਵੇਖ ਮੁਸਕਰਾਵੇਂ
ਦੋ ਬੋਲ ਸਾਂਝੇ ਕਰ ਲਏਂ, ਸਦ ਕੋਲ ਹੀ ਬਿਠਾਵੇਂ ’॥
‘ ਕਰ ਕੰਵਲ ਜੇ ਨਹੀ ਤਾਂ ਜਰਾ ਚਰਨ ਹੀ ਛੁਹਾ ਦੇ ’

ਪਿਛਲੇ ਕ੍ਰੀਬ ਵਰ੍ਹੇ ਭਰ ਤੋਂ ਨਿਰ-ਸ਼ਬਦ ਸਮਾਧੀ ਦੇ ਸ੍ਵਾਂਗ ਦੌਰਾਨ ਜੇ ਕਿਤੇ ਗ੍ਰੀਬ ਨਿਵਾਜ ਕਿਸੇ ਸਿੱਖ ਵੱਲ ਨਜ਼ਰ ਭਰ ਵੇਖ ਲੈਂਦੇ ਹਨ, ਨੇਤ੍ਰ ਮਿਲਾ ਕੇ ਮੁੱਖ ਮੰਡਲ ਤੋਂ ਸਦਾ-ਬਹਾਰ ਮੁਸਕਾਨ ਬਖਸ਼ਦੇ ਨੇ ਤਾਂ ਸਿੱਖ ਬਾਗੋ-ਬਾਗ ਹੋ ਜਾਂਦੇ ਨੇ।

ਹੁਣ 1 ਜੂਨ, 2009 ਨੂੰ ਗ੍ਰੀਬ ਨਿਵਾਜ ਜੀ ਨੇ ਐਸੀ ਲੀਲ੍ਹਾ ਰਚੀ ਕਿ ਇਕ ਦੱਮ ਸੇਹਤ ਢਿੱਲੀ ਹੋ ਗਈ। ਇਹ ਤੇ ਸੱਚੇ-ਪਾਤਸ਼ਾਹ ਜੀ ਜਾਣਦੇ ਹਨ ਕਿ ਇਸ ਸ੍ਰਿਸ਼ਟੀ ਦਾ ਕਿੱਡਾ ਕਸ਼ਟ ਆਪਣੇ ਤੇ ਲੈ ਕੇ ਕਿੰਨਿਆਂ ਨੂੰ ਬਚਾਇਆ ਹੈ ਜਾਂ ਕਿਸ ਕਿਸ ਡਾਕਟਰ ਨੂੰ ਸੇਵਾ ਬਖਸ਼ਣੀ ਸੀ। ਸ੍ਰੀ ਸਤਿਗੁਰੂ ਜੀ ਕ੍ਰੀਬ ਸਵਾ ਮਹੀਨਾ ਸਤਿਗੁਰੂ ਪ੍ਰਤਾਪ ਸਿੰਘ ਅਪੋਲੋ

ਹਸਪਤਾਲ ਵਿੱਚ ਕਿਰਪਾ ਕੀਤੀ। ਹਜ਼ੂਰੀ ਰਾਗੀ ਬਲਵੰਤ ਸਿੰਘ ਨੇ ਹਜ਼ੂਰ ਦੇ ਸਨਮੁਖ ਰੱਬ ਦੀ ਖ਼ੁਰਾਕ, ਰਾਗ ਦਾ ਅਲਾਪ ਸ਼ੁਰੂ ਕੀਤਾ ਤਾਂ ਸੱਚੇ-ਪਾਤਸ਼ਾਹ ਜੀ ਨੇ ਨਿਰ-ਸ਼ਬਦ ਸਮਾਧੀ ਤੋੜ ਕੇ ਗਾਉਣਾਂ ਸ਼ੁਰੂ ਕਰ ਦਿੱਤਾ। ਹਜ਼ੂਰ ਦੇ ਸਨਮੁਖ ਹਾਜ਼ਰ ਸਿੱਖਾਂ, ਸੇਵਕਾਂ ਸ਼ੁਕਰ ਕੀਤਾ –ਸਭ ਬਾਗੋ-ਬਾਗ ਹੋ ਗਏ। ਬਹੁਤ ਪੁਰਾਣੀਆਂ ਬੰਦਿਸ਼ਾਂ, ਬਲਵੰਤ ਸਿੰਘ ਨੇ ਪਹਿਲੀ ਤੁਕ ਪੜਨੀ, ਗ਼੍ਰੀਬ ਨਿਵਾਜ ਜੀ ਬਾਕੀ ਸਾਰੀ ਗਾ ਕੇ ਪੂਰੀ ਕਰ ਦੇਣੀ। ਸਤਿਗੁਰੂ ਤਾਂ ਸਮਰੱਥ ਹੁੰਦਾ ਹੈ। ਸੇਹਤ ਢਿੱਲੀ ਕਰ ਲੈਣੀ ਤਾਂ ਉਹਨਾਂ ਦਾ ਨਰ-ਨਾਟਕ ਹੀ ਹੈ। ਪਰ ਸੇਵਾ ਵਿੱਚ ਡਾਕਟਰਾਂ ਨੇ ਵੀ ਸ਼ੁਕਰ ਕੀਤਾ ਕਿ ਯਾਦਾਸ਼ਤ ਪੂਰੀ ਠੀਕ ਹੈ। ਇਸੇ ਦੌਰਾਨ ਕਿੰਨੇ ਸਿੱਖਾਂ ਦੇ ਨਵ-ਜਨਮੇਂ ਬੱਚਿਆਂ ਦੇ ਆਪ ਜੀ ਨੇ ਨਾਮ ਰੱਖਣ ਦੀ ਬਖਸ਼ਿਸ਼ ਕੀਤੀ। ਕ਼੍ਰੀਬ ਰੋਜ਼ਾਨਾ ਹੀ ਸ਼ਾਮ ਨੂੰ ਬਲਵੰਤ ਸਿੰਘ ਸੱਚੇ-ਪਾਤਸ਼ਾਹ ਜੀ ਦੇ ਸਨਮੁੱਖ ਰਾਗ-ਸ਼ਬਦ ਗਾਇਨ ਕਰਦਾ ਹੈ। ਸੱਚੇ-ਪਾਤਸ਼ਾਹ ਵੀ ਸ੍ਰੀ ਮੁੱਖ ਤੋਂ ਗਾਉਣ ਦੀ ਕਿਰਪਾ ਕਰਦੇ ਹਨ।

ਭਾਂਵੇਂ ਗ਼੍ਰੀਬ ਨਿਵਾਜ ਜੂਨ ਮਹੀਨੇ ਵਿੱਚ ਹੀ ਸ੍ਰੀ ਭੈਣੀ ਸਾਹਿਬ ਆ ਜਾਣਾ ਸੀ ਪਰ ਵਿਦੇਸ਼ਾਂ ਤੋਂ, ਇੰਗਲੈਂਡ ਤੋਂ ਆਏ ਡਾਕਟਰ ਮੰਡਲ ਅਤੇ ਥਾਈਲੈਂਡ ਦੇ ਡਾਕਟਰ ਸ੍ਰੀ ਛਾਈ ਦੀ ਰਾਇ ਸੀ ਕਿ ਸੇਹਤ ਸੁਧਾਰ ਲਈ ਗ਼੍ਰੀਬ ਨਿਵਾਜ ਕੁਝ ਦਿਨ ਹੋਰ ਵਿਸ਼ੇਸ਼ ਨਿਗਰਾਨੀ ਹੇਠ ਹਸਪਤਾਲ ਵਿੱਚ ਹੀ ਕਿਰਪਾ ਕਰਨ। ਪਰ ਸਿੱਖਾਂ ਦੀ ਤਸੱਲੀ ਤਦ ਹੀ ਹੋਣੀ ਸੀ ਜਦੋਂ ਗ਼੍ਰੀਬ ਨਿਵਾਜ ਸ੍ਰੀ ਭੈਣੀ ਸਾਹਿਬ ਆਪਣੇ ਨਿਵਾਸ ਤੇ ਕਿਰਪਾ ਕਰਦੇ। ਇਸ ਸਮੇਂ ਦੌਰਾਨ ਦੇਸ਼ ਭਰ ਵਿੱਚ ਅਤੇ ਵਿਦੇਸ਼ਾਂ ਵਿੱਚ ਨਾਮਧਾਰੀ ਸੰਗਤ ਨੇ ਗ਼੍ਰੀਬ ਨਿਵਾਜ ਜੀ ਨੇ ਦੇਹ ਅਰੋਗਤਾ ਨਮਿੱਤ ਅਖੰਡ ਪਾਠ, ਸਾਧਾਰਨ ਪਾਠ, ਹਵਨ, ਵਰਨੀਆਂ ਅਤੇ ਨਾਮ-ਸਿਮਰਨ ਅਰੰਭ ਦਿੱਤਾ, ਜੋ ਗ਼੍ਰੀਬ ਨਿਵਾਜ ਜੀ ਦੇ ਸ੍ਰੀ ਭੈਣੀ ਸਾਹਿਬ ਆਉਣ ਤੱਕ ਜਾਰੀ ਰਿਹਾ। ਸਿੱਖਾਂ ਦੀਆਂ ਅਰਦਾਸਾਂ ਪ੍ਰਵਾਨ ਹੋਈਆਂ। ਨਾਮਧਾਰੀ ਸੰਗਤ ਲਈ ੧੩ ਜੁਲਾਈ ਦਾ ਸੁਭਾਗਾ ਦਿਨ ਚੜ੍ਹਿਆ ਕਿ ਸਤਿਗੁਰੂ ਸੱਚੇ-ਪਾਤਸ਼ਾਹ ਜੀ ਹਸਪਤਾਲ ਚੋਂ ਸ੍ਰੀ ਭੈਣੀ ਸਾਹਿਬ ਰਵਾਨਾ ਹੋਏ। ਹਸਪਤਾਲ ਚੋਂ ਸਤਿਗੁਰੂ ਜੀ ਗੱਡੀ ਵਿੱਚ ਬਿਰਾਜਮਾਨ ਹੋਏ ਤਾਂ ਸੂਰਜ ਦੇਵ

ਦਾ ਮੁੱਖ ਖੁਸ਼ੀ ਨਾਲ ਹੋਰ ਵੀ ਲਾਲ ਹੋ ਗਿਆ। ਪਰ ਸੂਰਜ ਦੇਵ ਦੇ ਮੁੱਖ ਦੀ ਲਾਲੀ ਜੂਨ-ਜੁਲਾਈ ਵਿੱਚ ਸਹਿਨ ਕਰਨੀ ਔਖੀ ਹੋ ਜਾਂਦੀ ਹੈ। ੧੩ ਦਾ ਅੰਕ ਤੇਰਾਂ-ਤੇਰਾਂ ਤੋਲਦਿਆਂ ਤੇਰਾਂ ਹੀ ਤੇਰਾਂ ਹੋ ਜਾਣ ਤੇ ਸਾਹਿਬ ਗੁਰੂ ਨਾਨਕ ਦੇਵ ਜੀ ਦੇ ਨਾਮ ਨਾਲ ਵੀ ਜੁੜਿਆ ਹੋਇਆ ਹੈ। ਸ੍ਰੀ ਭੈਣੀ ਸਾਹਿਬ ਨਿਖਰਿਆ ਤੇ ਸਜਿਆ ਹੋਇਆ ਸੀ, ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਬੱਚਿਆਂ ਨੇ ਅਤੇ ਹੋਰ ਭਰਪੂਰ ਸੰਗਤ ਨੇ ਜੈਕਾਰੇ ਗਜਾਕੇ, ਪੁਸ਼ਪ ਵਰਖਾ ਕਰਦਿਆਂ ਸਤਿਗੁਰੂ ਸ੍ਵਾਗਤ ਕੀਤਾ। ਇਸ ਖੁਸ਼ੀ ਵਿੱਚ ਸ਼ਾਮਲ ਹੋ ਗਿਆ ਇੰਦਰ ਦੇਵ ਵੀ, ਅਕਾਸ਼ ਵਿੱਚ ਸੰਘਣੀਆਂ ਘਟਾ ਛਾ ਗਈਆਂ। ਪਰ ਪੌਣ ਦੇਵ ਤੇ ਜਿਵੇਂ ਮਸਤਾਨਾ ਹੀ ਹੋ ਗਿਆ, ਉਸ ਮਸਤੀ ਵਿੱਚ ਰੁੱਖ-ਬੂਟੇ ਵੀ ਸ਼ਾਮਲ ਹੋ ਕੇ ਝੂਮਣ ਲੱਗੇ। ਆਕਾਸ਼ ਵਿੱਚ ਇੰਦਰ ਦੇਵ ਨੇ ਬੱਦਲਾਂ ਦੀ ਗੜਗੜਾਹਟ ਦਾ ਅਨਹਦ ਨਾਦ ਸ਼ੁਰੂ ਕਰ ਦਿੱਤਾ ਜਿਵੇਂ ਹੱਲੇ ਦਾ ਦੀਵਾਨ ਲੱਗਿਆ ਹੋਵੇ ਅਤੇ ਝੂਮਦੀ ਬਨਸਪਤੀ ਜਿਵੇਂ ਸਿੱਖ ਮਸਤਾਨੇ ਹੋਏ ਹੋਣ। ਕੁਝ ਚਿਰ ਬਾਦ ਹੀ ਜਿਵੇਂ ਇੰਦਰ ਦੇਵ ਨੇ ਪੌਣ-ਦੇਵ ਨੂੰ ਕਿਹਾ ਹੋਵੇ, ਥੋੜਾ ਧੀਰਜ ਕਰ, ਗ੍ਰੀਬ ਨਿਵਾਜ ਜੀ ਵਰਾਂਡੇ ਵਿੱਚ ਬਿਰਾਜਮਾਨ ਹਨ ਜਰਾ ਟਿਕ ਕੇ ਆਪ ਵੀ ਦਰਸ਼ਨ ਕਰ ਅਤੇ ਸਾਨੂੰ ਵੀ ਕਰਨ ਦੇਹ, ਤੇਰੀ ਮਸਤੀ ਤਾਂ ਸਾਡੇ ਪੈਰ ਹੀ ਨਹੀਂ ਲੱਗਣ ਦੇਂਦੀ। ਕੁਝ ਧੀਰਜ ਹੋਇਆ ਸਭ ਨੇ ਹਜ਼ੂਰ ਦੇ ਦਰਸ਼ਨ ਕੀਤੇ। ਰੁੱਖਾਂ ਦਾ ਸਕੇਸ਼ੀ ਇਸ਼ਨਾਨ ਕਰਵਾਉਣ ਅਤੇ ਪਾਣੀ ਤਰੌਂਕਣ ਦੀ ਸੇਵਾ ਖੁਦ ਇੰਦਰ ਦੇਵ ਨੇ ਕੀਤੀ-ਵਰਖਾ ਸ਼ੁਰੂ ਹੋ ਗਈ ਰਾਤ ਭਰ ਬੂੰਦਾਬਾਂਦੀ ਹੁੰਦੀ ਰਹੀ। ਧਰਤੀ, ਬਨਸਪਤੀ ਤ੍ਰਿਪਤ ਹੋਈ-ਭਾਗਾਂ ਭਰੀ ਬਾਗ ਵਾਲੀ ਕੋਠੀ ਨੇ ਵੀ ਸ਼ੁਕਰ ਮਨਾਇਆ ਕਿ ਉਸਦਾ ਪਿਰ ਘਰ ਆਇਆ ਹੈ। ਸਿੱਖੀ ਫੁਲਵਾੜੀ ਵੀ ਤ੍ਰਿਪਤ ਹੋਈ-

ਜਿਉ ਧਰਤੀ ਸੋਭ ਕਰੇ ਜਲ ਬਰਸੈ
ਤਿਉ ਸਿਖ ਗੁਰ ਮਿਲ ਬਿਗਸਾਈ ॥

ਸ੍ਰੀ ਸਤਿਗੁਰੂ ਸੱਚੇ-ਪਾਤਸ਼ਾਹ ਜੀ ਭੈਣੀ ਸਾਹਿਬ ਦਰਸ਼ਨ ਦੇ ਰਹੇ ਹਨ। ਰੋਜ਼ਾਨਾ ਹੀ ਦੇਸ਼

ਵਿਦੇਸ਼ ਤੋਂ ਸੰਗਤ ਆ ਕੇ ਦਰਸ਼ਨ ਕਰਦੀ ਹੈ। ਅੱਜ ੨੧ ਜੁਲਾਈ ੦੧ ਅੰਮ੍ਰਿਤ ਵੇਲੇ ੧ ਵਜੇ ਤੋਂ ਵਰਖਾ ਹੋ ਰਹੀ ਸੀ। ਦਿਨ ਚੜਦੇ ਨਾਲ ਸੂਰਜ ਦੇਵ ਦਾ ਮੁੱਖ ਤਾਂ ਨਹੀ ਦਿਸਿਆ ਪਰ ਇੰਦਰ ਦੇਵ ਦੇ ਪਿਛੋਂ ਵੀ ਸੂਰਜ ਦੇਵ ਦੇ ਗੁਲਾਬੀ ਰੰਗ ਦਾ ਲਿਸ਼ਕਾਰਾ ਧਰਤ ਸੁਹਾਵੀ ਤੇ ਪੈ ਰਿਹਾ ਸੀ। ਬਹੁਤ ਮਨਮੋਹਕ ਵਾਤਾਵਰਣ ਵੇਖ ਕੇ ਸੇਵਕ ਰਸ਼ਪਾਲ ਸਿੰਘ ਨੇ ਅਰਜ਼ ਕੀਤੀ ਕਿ ਗ੍ਰੀਬ ਨਿਵਾਜ ਜੇ ਰਜਾ ਹੋਵੇ ਤਾਂ ਬਾਹਰ ਦਰਸ਼ਨ ਦਿਓ। ਬੇਨਤੀ ਪ੍ਰਵਾਨ ਹੋਈ- ਗ੍ਰੀਬ ਨਿਵਾਜ ਜੀ ਬਾਗ ਵਾਲੀ ਕੋਠੀ ਵਿੱਚ ਬਾਹਰ ਕਿਰਪਾ ਕੀਤੀ ਚੁਫੇਰਾ ਹੀ ਸਤਿਗੁਰੂ ਸੱਚੇ-ਪਾਤਸ਼ਾਹ ਜੀ ਦੇ ਰੰਗ ਵਿੱਚ ਰੰਗਿਆ ਗਿਆ। ਮੈਂ ਕੈਮਰਾ ਲਿਆ ਕੇ, ਆਗਿਆ ਲੈ ਕੇ ਸ੍ਰੀ ਹਜ਼ੂਰ ਸੱਚੇ-ਪਾਤਸ਼ਾਹ ਜੀ ਦੀਆਂ ਕੁਝ ਤਸਵੀਰਾਂ ਲਈਆਂ। ਅੱਜ ਹੀ ਦੁਪਹਿਰੇ ਹਸਪਤਾਲ ਤੋਂ ਡਾਕਟਰ ਗੁਰਚਰਨ ਅਵਸਥੀ ਜੀ, ਭਾਟੀਆ , ਸ੍ਰੀ ਸਤਿਗੁਰੂ ਜੀ ਦੀ ਸੇਵਾ ਵਿੱਚ ਹਾਜ਼ਰ ਹੋਏ, ਚੈੱਕ-ਅੱਪ ਕੀਤਾ ਬਾਗੋ-ਬਾਗ ਹੋ ਗਏ ਕਿ ਸੱਚੇ-ਪਾਤਸ਼ਾਹ ਜੀ ਬਿਲਕੁਲ ਠੀਕ ਹਨ। ਦਵਾਈ ਜਾਂ ਜਲ ਦੇਣ ਲਈ ਜੋ ਫੂਡ ਪਾਈਪ ਸੀ ਉਹ ਵੀ ਉਤਾਰ ਦਿੱਤਾ। "ਡਾਕਟਰਾਂ ਨੇ ਅਰਜ਼ ਕੀਤੀ"-ਆਪ ਜੀ ਸਾਨੂੰ ਸੇਵਾ ਬਖਸ਼ੀ ਅਤੇ ਸੇਵਾ ਪ੍ਰਵਾਨ ਕਰਕੇ ਆਪਣੀ ਸੇਹਤ ਠੀਕ ਕੀਤੀ ਹੈ, ਸਾਡੇ ਲਈ ਏਹੋ ਇਨਾਮ ਹੈ ਕਿ ਆਪ ਜੀ ਦੇ ਚਰਨਾਂ ਵਿੱਚ ਬੈਠ ਕੇ ਫੋਟੋ ਖਿਚਵਾ ਸਕੀਏ। ਆਗਿਆ ਹੋ ਗਈ ਸੇਵਕ ਰਸ਼ਪਾਲ ਨੇ ਫੋਟੋ ਖਿੱਚੀਆਂ, ਅੱਜ ਹੀ ਰਾਤ ਨੂੰ ਸਵੇਰ ਵਾਲੀ ਅਤੇ ਦੁਪਹਿਰ ਡਾਕਟਰਾਂ ਨਾਲ ਦੋਵੇਂ ਫੋਟੋਆਂ 'www.beantpatshah.info' ਤੇ ਪਾ ਦਿੱਤੀਆਂ ਅਤੇ ਸਤਿਜੁਗ ਨੂੰ ਵੀ ਭੇਜ ਦਿੱਤੀਆਂ ਹਨ। ਸਾਰੀ ਸੰਗਤ ਦੀ ਏਹੋ ਅਰਦਾਸ ਹੈ-

ਸਾਰੀ ਸੰਗਤ ਦੇ ਕੀਤੇ ਪੁੰਨ ਕਰਮ ਸਾਰੇ,
ਚਰਨਾਂ ਵਿੱਚ ਹਨ ਜੇ ਪ੍ਰਵਾਨ ਸਤਿਗੁਰ ॥
ਸੇਹਤ ਆਪਦੀ ਤੰਦਰੁਸਤ ਰਹੇ ਸੋਹਣੀ,
ਮੁੱਖ ਮੰਡਲ ਤੇ ਰਹੇ ਮੁਸਕਾਨ ਸਤਿਗੁਰ ॥